


www.PunjabiLibrary.com

# ਮੁਖਤਿਆਰ ਕੌਰ

## ਅਸਲ ਜੀਵਨੀ

2 ਜਨਵਰੀ 2019, ਬੁੱਧਵਾਰ ਨੂੰ ਮੈਂ ਆਪਣੇ ਘਰ ਤੋਂ ਕਰਨਾਟਕਾ ਦੇ ਹੁਬਲੀ ਸ਼ਹਿਰ ਲਈ ਨਿਕਲਿਆਂ। ਇੰਜ਼ੀਨੀਰਿੰਗ ਪੂਰੀ ਕਰਨ ਪਿੱਛੋਂ ਮੈਂ ਕਾਫੀ ਲੰਮੇ ਸਮੇਂ ਤੱਕ ਵਿਹਲਾ ਰਹਿਣ ਉਪਰਾਂਤ ਪਹਿਲੀ ਵਾਰ ਕਿਤੇ ਨੌਕਰੀ ਕਰਨ ਜਾ ਰਿਹਾ ਸੀ। 2 ਜਨਵਰੀ ਨੂੰ ਮੈਂ ਘਰੋਂ ਨਿਕਲਿਆ ਤੇ 4 ਜਨਵਰੀ ਨੂੰ ਸਵੇਰ ਦੇ ਵੇਲੇ ਹੁਬਲੀ ਪਹੁੰਚ ਗਿਆ। ਅਜੇ ਮੈਂ ਸਟੇਸ਼ਨ ਤੋਂ ਨਿਕਲਿਆ ਅਤੇ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਬੱਸ ਫੜੀ ਹੀ ਸੀ ਕਿ ਮੇਰੇ ਫੋਨ ਦੀ ਬੈੱਲ ਵੱਜੀ। ਮੈਂ ਫੋਨ ਚੁੱਕਿਆ ਤੇ ਇਹ ਮੇਰੀ ਭੂਆ ਦੇ ਮੁੰਡੇ ਦਾ ਫੋਨ ਸੀ। ਉਸਨੂੰ ਸ਼ਾਇਦ ਨਹੀਂ ਸੀ ਪਤਾ ਕਿ ਮੈਂ ਘਰ ਨਹੀਂ ਹਾਂ, ਬਲਕਿ ਨੌਕਰੀ ਲਈ ਜਾਂ ਰਿਹਾ ਹਾਂ। ਉਸਨੇ ਮੇਰਾ ਹਾਲ ਚਾਲ ਪੁੱਛਿਆ ਤੇ ਇਹ ਪੁੱਛਿਆ ਕਿ ਮੈਂ ਕਿੱਥੇ ਹਾਂ। ਮੈਂ ਆਪਣੇ ਬਾਰੇ ਦੱਸਿਆ। ਫਿਰ ਉਸਨੇ ਕੋਈ ਹੋਰ ਗੱਲਬਾਤ ਨਾ ਕੀਤੀ ਤੇ ਫੋਨ ਬੰਦ ਕਰ ਦਿੱਤਾ। ਮੈਂ ਸਮਝ ਗਿਆ ਕਿ ਕਿਸ ਕਾਰਨ ਉਸਨੇ ਫੋਨ ਕੀਤਾ ਹੋਵੇਗਾ। ਮੇਰੀ ਮੰਜ਼ਿਲ ਹੁਬਲੀ ਸ਼ਹਿਰ ਤੋਂ ਲਗਭਗ ਡੇਢ ਘੰਟੇ ਦੀ ਵਿੱਥ ਤੇ ਸੀ। ਕੁਝ ਵੀਹ ਕੁ ਮਿੰਟ ਬਾਅਦ ਮੇਰੀ ਮਾਂ ਦਾ ਫੋਨ ਆਇਆ। ਮੈਂ ਦੱਸਿਆ ਕਿ ਮੈਂ ਪਹੁੰਚ ਗਿਆ ਹਾਂ। ਬਸ ਕੁਝ ਸਮੇਂ ਤਕ ਮੰਜ਼ਿਲ ਤੇ ਹੋਵਾਂਗਾਂ। ਕੁਝ ਦੇਰ ਗੱਲਬਾਤ ਕਰਨ ਬਾਅਦ ਉਹਨਾਂ ਦੱਸਿਆ ਕਿ ਤੇਰੇ ਭੂਆ ਜੀ ਚੱਲ ਵਸੇ ਨੇ। ਮੈਂ ਕਿਹਾ ਕਿ ਮੈਨੂੰ ਪਤਾ ਲੱਗ ਗਿਆ ਹੈ। ਮੈਂ ਦੱਸਿਆ ਕਿ ਮੈਨੂੰ ਭੂਆ ਦੇ ਮੁੰਡੇ ਫੋਨ ਦਾ ਆਇਆ ਸੀ। ਉਸਨੇ ਮੈਨੂੰ ਦੱਸਿਆ ਨਹੀਂ ਪਰ ਮੈਂ ਅੰਦਾਜ਼ਾ ਲਗਾ ਲਿਆ। ਫਿਰ ਮਾਂ ਨੇ ਮੈਨੂੰ ਆਪਣਾ ਧਿਆਨ ਰੱਖਣ ਲਈ ਆਖ ਫੋਨ ਬੰਦ ਕਰ ਦਿੱਤਾ।

ਦਰਅਸਲ ਭੂਆ ਜੀ ਕਾਫੀ ਲੰਮੇ ਸਮੇਂ ਤੋਂ ਬਿਮਾਰ ਸਨ। ਮੇਰੇ ਪਿੰਡ ਦੇ ਨਾਲ ਹੀ ਬਸ ਦੋ ਕੁ ਕਿਲੋਮੀਟਰ ਦੇ ਫਾਸਲੇ ਤੇ ਉਹਨਾਂ ਦਾ ਪਿੰਡ ਹੈ। ਮੇਰਾ ਉਹਨਾਂ ਨਾਲ ਬਹੁਤ ਪਿਆਰ ਸੀ। ਮੇਰੇ ਬਾਪੂ ਜੀ ਹੁਣੀ ਨੌ ਭੈਣ ਭਰਾ ਸਨ। ਜਿੰਨ੍ਹਾਂ ਚੋ' ਮੇਰੇ ਬਾਪੂ ਜੀ ਸਭ ਤੋਂ ਛੋਟੇ ਨੇ। ਮੈਂ ਹਫਤੇ ਵਿੱਚ ਦੋ ਦਿਨ ਜਰੂਰ ਭੂਆ ਜੀ ਨੂੰ ਮਿਲਣ ਜਾਂਦਾ ਸੀ। ਬਿਮਾਰ ਹੋਣ ਕਾਰਨ ਮੇਰਾ ਆਉਣ ਜਾਣ ਵਧੇਰੇ ਸੀ। ਅਗਰ ਮੈਂ ਆਪਣੀਆਂ ਸਾਰੀਆਂ ਭੂਆ ਵਿੱਚੋਂ ਕਿਸੇ ਨੂੰ ਸਭ ਤੋਂ ਵੱਧ ਪਿਆਰ ਕਰਦਾ ਸੀ ਤਾਂ ਉਹ ਇਹੀ ਨੇ। ਮੇਰੀ ਬਾਵੀ ਭੂਆ। ਨੌਕਰੀ ਤੇ ਆਉਣ ਤੋਂ ਪਹਿਲਾਂ ਹੀ ਮੈਂ ਇੱਕ ਜਨਵਰੀ ਦੀ ਰਾਤ ਨੂੰ ਕਾਫੀ ਦੇਰ ਤੱਕ ਉਹਨਾਂ ਕੋਲੋਂ ਬੈਠਾ ਆਇਆਂ ਸੀ। ਉਹਨਾਂ ਦੀ ਹਾਲਤ ਤੋਂ ਪਤਾ ਲੱਗਦਾ ਸੀ  ਕਿ ਉਹ ਜਿਆਦਾ ਦਿਨ ਨਹੀਂ ਜੀਅ ਸਕਣਗੇ। ਮੈਂ ਆਪਣੀ ਮੰਜ਼ਿਲ ਤੇ ਪਹੁੰਚ ਗਿਆ ਅਤੇ ਕੰਪਨੀ ਦੇ ਦੋ ਆਦਮੀ ਮੈਨੂੰ ਲੈਣ ਆਏ। ਆਪਣੇ ਆਉਣ ਦੀ ਸੂਚਨਾ ਮੈਂ ਮੈਨੇਜਰ ਨੂੰ ਦੇ ਕਮਰੇ ਵਿੱਚ ਚਲਾ ਗਿਆ। ਨਹਾਤਾ ਧੋਤਾ, ਰੋਟੀ ਪਾਣੀ ਖਾਧਾ ਤੇ ਆਰਾਮ ਕਰਨ ਲੱਗਾ।

ਮੈਂ ਭੂਆ ਜੀ ਬਾਰੇ ਸੋਚਣ ਲੱਗਾ। ਉਹਨਾਂ ਦੀਆਂ ਗੱਲਾਂ ਯਾਦ ਆਉਣ ਲੱਗੀਆਂ। ਜਿਵੇਂ ਉਹਨਾਂ ਦਾ ਚੇਹਰਾ, ਉਹ ਪਿਆਰ ਜੋ ਉਹ ਆਪਣੇ ਸਭ ਭਤੀਜੇ ਭਤੀਜੀਆਂ ਵਿੱਚੋਂ ਮੈਨੂੰ ਕਿਤੇ ਵੱਧਕੇ ਮਹਿਸੂਸ ਹੁੰਦਾ ਸੀ। ਮੇਰਾ ਮਨ ਬਦਲਣ ਲੱਗਾ। ਅੱਖਾਂ ਵਿੱਚ ਅੱਥਰੂ ਆਉਣ ਲੱਗੇ। ਪਹਿਲਾਂ ਤਾਂ ਅਜਿਹਾ ਕੁਝ ਨਹੀਂ ਸੀ ਪਰ ਕੁਝ ਸਮੇਂ ਪਿੱਛੋਂ ਮੇਰਾ ਮਨ ਘਬਰਾਉਣ ਲੱਗਾ। ਉਸ ਵਕਤ ਦੇ ਹਾਲਾਤ ਸ਼ਬਦਾਂ ਵਿੱਚ ਬਿਆਨ ਕਰਨਾ ਕਠਿਨ ਹੈ। ਏਨੇ ਨੂੰ ਮੇਰੇ ਬਾਪੂ ਜੀ ਦਾ ਫੋਨ ਆਇਆ। ਮੈਂ ਦੱਸਿਆ ਕਿ ਮੈਂ ਪਹੁੰਚ ਗਿਆ ਹਾਂ। ਪਰ ਨਾਲ ਇਹ ਵੀ ਕਹਿ ਦਿੱਤਾ ਕਿ ਮੇਰਾ ਦਿਲ ਨਹੀਂ ਲੱਗ ਰਿਹਾ, ਮੈਂ ਵਾਪਿਸ ਜਾਣਾ ਹੈ। ਬਾਪੂ ਜੀ ਮੇਰੀ ਗੱਲ ਸਮਝ ਗਏ ਤੇ ਉਹਨਾਂ ਕੰਪਨੀ ਦੇ ਮੈਨੇਜਰ ਨੂੰ ਫੋਨ ਕਰ ਮੈਨੂੰ ਛੁੱਟੀ ਦਵਾ ਦਿੱਤੀ। ਕੰਪਨੀ ਦਾ ਮੈਨੇਜਰ ਬਾਪੂ ਜੀ ਦਾ ਚੰਗਾ ਦੋਸਤ ਸੀ। ਉਸ ਰਾਤ ਉੱਥੇ ਰੁਕਨ ਪਿੱਛੋਂ ਮੈਂ ਅਗਲੀ ਸਵੇਰ ਸਟੇਸ਼ਨ ਵੱਲ ਨਿਕਲਿਆ।

ਰੇਲ ਗੱਡੀ ਸ਼ਾਮ ਦੇ ਪੰਜ ਵਜੇ ਸੀ। ਜੋ ਸਿਰਫ ਦਿੱਲੀ ਤੱਕ ਜਾਣੀ ਸੀ। ਮੈਂ ਗਿਆਰਾਂ ਵਜੇ ਦੇ ਕਰੀਬ ਸਟੇਸ਼ਨ ਤੇ ਜਾ ਪਹੁੰਚਿਆ।

ਇਸ ਦੌਰਾਨ ਰੱਖਿਅਤ ਸੀਟ ਮਿਲਣਾ ਅਸਾਨ ਨਹੀਂ ਸੀ। ਫਿਰ ਵੀ ਮੈਨੂੰ ਭੋਪਾਲ ਤੋਂ ਦਿੱਲੀ ਤੇ ਦਿੱਲੀ ਤੋਂ ਬਿਆਸ ਤੱਕ ਦੀ ਰੱਖਿਅਤ ਸੀਟ ਦੀ ਟਿਕਟ ਮਿਲ ਗਈ। ਹੁਬਲੀ ਤੋਂ ਭੋਪਾਲ ਤੱਕ ਮੈਂ ਆਮ ਟਿਕਟ ਲਈ ਤੇ ਰੱਖਿਅਤ ਡੱਬਿਆਂ ਵਿੱਚ ਚੜ ਗਿਆ। ਇਸ ਦੌਰਾਮ ਟੀ.ਟੀ ਨੇ ਮੇਰੀ ਟਿੱਕਟ ਦੇਖੀ ਤੇ 200 ਰੁਪਏ ਜੁਰਮਾਨਾ ਲਾਇਆ। ਭੋਪਾਲ ਪਹੁੰਚਣ ਤੇ ਮੈਂ ਆਪਣੀ ਰੱਖਿਅਤ ਸੀਟ ਤੇ ਬੈਠ ਗਿਆ। ਫਿਰ ਦਿੱਲੀ ਉੱਤਰਿਆ ਤੇ ਆਪਣੀ ਅਗਲੀ ਗੱਡੀ ਦੀ ਉਡੀਕ ਕਰਨ ਲੱਗਾ। ਇਹ ਗੱਡੀ ਮੁੰਬਈ ਤੋਂ ਅੰਮ੍ਰਿਤਸਰ ਤੱਕ ਜਾਣੀ ਸੀ। ਕਰੀਬ ਦੋ-ਢਾਈ ਘੰਟੇ ਉਡੀਕ ਕਰਨ ਪਿੱਛੋਂ ਗੱਡੀ ਆਈ। ਮੈਂ ਬੈਠ ਗਿਆ। ਇਸ ਗੱਡੀ ਦਾ ਗੇੜਾ ਬਹੁਤ ਘੁੰਮਾਊ ਸੀ। ਉਂਝ ਕੋਈ ਵੀ ਗੱਡੀ ਸੱਤ ਤੋਂ ਅੱਠ ਘੰਟੇ ਵਿੱਚ ਦਿੱਲੀ ਤੋਂ ਬਿਆਸ ਪਹੁੰਚਾ ਦਿੰਦੀ ਹੈ। ਪਰ ਇਸ ਨੇ ਕਰੀਬ ਬਾਰਾਂ ਘੰਟੇ ਲਗਾਏ। ਉਸ ਦਿਨ ਸੱਤ ਜਨਵਰੀ ਸੀ। ਮੇਰੀ ਸੀਟ ਤੋਂ ਦੱਸ-ਬਾਰਾਂ ਸੀਟਾਂ ਛੱਡ ਕੋਈ ਬਜ਼ੁਰਗ ਮਾਤਾ ਬੈਠੀ ਸੀ। ਉਮਰ ਕਰੀਬ ਸੱਤਰ ਸਾਲ ਹੋਵੇਗੀ। ਅੰਦਾਜ਼ੇ ਵਜੋਂ। ਉਸਨੇ ਕੋਟਕਪੂਰੇ ਉੱਤਰਨਾ ਸੀ। ਪਰ ਨਾਲ ਕੋਈ ਨਹੀਂ ਸੀ। ਉਸਦੀ ਸੀਟ ਲਾਗਲੀਆਂ ਸੀਟਾਂ ਨੇ ਕੁਝ ਨੌਜਵਾਨ ਮੁੰਡੇ ਸਨ ਜੋ ਕਿ ਬਜ਼ੁਰਗ ਮਾਤਾ ਦੇ ਨਾਲ ਹੀ ਮੁੰਬਈ ਤੋਂ ਆਏ ਸਨ। ਜੋ ਹੁਣ ਤੱਕ ਮਾਤਾ ਦਾ ਖਿਆਲ ਰੱਖ ਰਹੇ ਸਨ। ਪਰ ਉਹਨਾਂ ਰਾਹ ਵਿੱਚ ਉੱਤਰਨਾ ਸੀ। ਇਸ ਲਈ ਉਹਨਾਂ ਮੈਨੂੰ ਪੁੱਛਿਆ ਕਿ ਤੁਸੀਂ ਕਿੱਥੇ ਜਾਣਾ ਹੈ। ਮੈਂ ਦੱਸਿਆ ਕਿ ਬਿਆਸ। ਫਿਰ ਉਹਨਾਂ ਕਿਹਾ ਇਸ ਮਾਤਾ ਜੀ ਨੇ ਕੋਟਕਪੂਰੇ ਉੱਤਰਨਾ ਹੈ। ਕੀ ਤੁਸੀਂ ਤੱਦ ਤੱਕ ਇਹਨਾਂ ਦੇ ਸਮਾਨ ਤੇ ਮਾਤਾ ਦਾ ਖਿਆਲ ਰੱਖੋਗੇ।

ਮੈਂ ਕਿਹਾ ਠੀਕ ਹੈ। ਦਿਨ ਦਾ ਵੇਲਾ ਸੀ। ਮੈਂ ਮਾਤਾ ਦਾ ਸਮਾਨ ਆਪਣੇ ਸਮਾਨ ਦੇ ਕੋਲ ਲਿਆ ਕੇ ਰੱਖ ਦਿੱਤਾ। ਤੇ ਮਾਤਾ ਜੀ ਨੂੰ ਮੇਰੀ ਸੀਟ ਤੇ ਬੈਠਣ ਲਈ ਕਿਹਾ। ਉਹ ਮੇਰੇ ਕੋਲ ਹੀ

ਬੈਠ ਗਏ। ਠੰਡ ਦੇ ਦਿਨ ਸਨ। ਮੈਂ ਕੰਬਲ ਲੈ ਕੇ ਬੈਠਾਂ ਸੀ। ਮੈਂ ਮਾਤਾ ਜੀ ਨੂੰ ਵੀ ਕੰਬਲ ਲੈਣ ਲਈ ਕਿਹਾ। ਪਰ ਉਹਨਾਂ ਮਨ੍ਹਾਂ ਕਰ ਦਿੱਤਾ। ਫਿਰ ਮੇਰੇ ਦੋ ਤਿੰਨ ਵਾਰ ਕਹਿਣ ਤੇ ਉਹਨਾਂ ਕੰਬਲ ਲੈ ਲਿਆ। ਮੈਂ ਕਿਤਾਬ ਪੜ ਰਿਹਾ ਸੀ। ਪਰਮਾਰਥੀ ਸਾਖੀਆਂ। ਕਿਤਾਬ ਬੰਦ ਕਰ ਮੈਂ ਇੱਕ ਪਾਸੇ ਰੱਖ ਦਿੱਤੀ ਤੇ ਮਾਤਾ ਨਾਲ ਗੱਲਾਂ ਕਰਨ ਲੱਗਾ। ਮੈਂ ਮਾਤਾ ਜੀ ਨੂੰ ਪੁੱਛਣ ਲੱਗਾ..

ਮੈਂ - ਕਿੱਥੋਂ ਆ ਰਹੇ ਮਾਤਾ ਜੀ ਤੁਸੀਂ?

ਮਾਤਾ ਜੀ - ਮੈਂ ਪੁੱਤ ਬੰਬੇ ਤੋਂ ਆ ਰਹੀ ਆ।

ਮੈਂ - ਅੱਛਾ। ਉੱਥੇ ਰਹਿੰਦੇ ਹੋ ਜਾਂ ਓਦਾਂ ਕਿਸੇ ਕੰਮ ਗਏ ਸੀ।

ਮਾਤਾ ਜੀ - ਮੇਰੀ ਧੀਅ ਆ ਉੱਥੇ। ਕਿੰਨੇ ਚਿਰ ਦੀ ਗਈ ਸੀ। ਦੋ ਕੁ ਮਹੀਨੇ ਹੋ ਗਏ ਹੋਣੇ ਆ।

ਮੈਂ - ਚਲੋ ਵਧੀਆ ਹੈ, ਘੁੰਮਦੇ-ਫਿਰਦੇ ਰਹਿਣਾ ਚਾਹੀਦਾ। ਜਿੰਦਗੀ ਦਾ ਵੀ ਕੀ ਪਤਾ ਹੈ।

ਮਾਤਾ ਜੀ - ਹਾਂਜੀ ਪੁੱਤ। ਤੂੰ ਕਿੱਥੋਂ ਆਇਆ ਪੁੱਤ?

ਮੈਂ - ਮੈਂ ਮਾਤਾ ਜੀ ਕਰਨਾਟਕਾ ਤੋਂ ਆ ਰਿਹਾ। ਨੌਕਰੀ ਤੇ ਗਿਆ ਸੀ।

ਮਾਤਾ ਜੀ - ਅੱਛਾ, ਹੁਣ ਘਰ ਚੱਲਿਆ ਵਾਪਿਸ।

ਮੈਂ - ਹਾਂਜੀ।

ਮਾਤਾ ਜੀ - ਕਿਹੜੇ ਪਿੰਡ?

ਮੈਂ - ਬਿਆਸ ਮਾਤਾ ਜੀ।

ਮਾਤਾ ਜੀ - ਅੱਛਾ ਬਿਆਸ।

ਮੈਂ - ਤੁਸੀਂ ਆਏ ਹੋ ਕਦੇ ਬਿਆਸ?

ਮਾਤਾ ਜੀ - ਹਾਂ ਆਉਂਦੇ ਰਹੀ ਦਾ। ਜਦੋਂ ਜੀ ਕਰੇ।

ਮੈਂ - ਕਿੱਥੇ ਆਉਂਦੇ ਹੋ? ਕਿਤੇ ਡੇਰੇ ਦੀ ਗੱਲ ਤਾਂ ਨਹੀਂ ਕਰ ਰਹੇ।

ਮਾਤਾ ਜੀ - ਹਾਂ, ਡੇਰੇ ਹੀ।

ਮੈਂ - ਠੀਕ ਠੀਕ।

ਮਾਤਾ ਜੀ - ਤੁਸੀਂ ਵੀ ਜਾਂਦੇ ਹੋ?

ਮੈਂ - ਹਾਂਜੀ, ਚਲੇ ਜਾਈਦਾ।

ਮਾਤਾ ਜੀ - ਲੈ ਦੱਸ ਹਾਂ, ਮੈਨੂੰ ਐਂਵੇ ਫਿਕਰ ਪਈ ਸੀ। ਵੇਖ ਬਾਬਾ ਜੀ ਨੇ ਤੈਨੂੰ ਭੇਜ ਤਾ ਮੇਰੀ ਮਦਦ ਲਈ।

ਮੈਂ - ਹਾਂਜੀ। ਉਹ ਕਿਸੇ ਨਾ ਕਿਸੇ ਤਰਾਂ ਮਦਦ ਕਰ ਹੀ ਦੇਂਦੇ ਨੇ।

ਮਾਤਾ ਜੀ - ਹਾਂ ਪੁੱਤ।

ਮੈਂ - ਵੈਸੇ ਮਾਤਾ ਜੀ ਤੁਸੀਂ ਇਕੱਲੇ ਆ ਰਹੇ ਹੋ, ਨਾਲ ਨੀ ਕੋਈ ਆਇਆ?

ਮਾਤਾ ਜੀ - ਜਵਾਈ ਮੇਰਾ ਬਥੇਰਾ ਜ਼ੋਰ ਲਾਉਂਦਾ ਸੀ ਕਿ ਮੈਂ ਛੱਡ ਆਉਂਦਾ। ਪਰ ਮੇਰੀ ਦੋਹਤੀ ਦਾ ਵਿਆਹ ਵਾ ਥੋੜੇ ਦਿਨਾਂ ਨੂੰ। ਜੇ ਮੇਰੇ ਨਾਲ ਆ ਜਾਂਦਾ ਤਾਂ ਹਫਤਾ ਖਰਾਬ ਹੋ ਜਾਣਾ ਸੀ ਓਦਾ। ਤਦੇ ਮੈਂ ਕਿਹਾ ਬਸ ਮੈਨੂੰ ਗੱਡੀ ਚ' ਬਿਠਾ ਦਿਉ, ਅੱਗਿਉ ਆਪੇ ਲੈਣ ਆ ਜਾਣਗੇ।

ਮੈਂ - ਇਹ ਤਾਂ ਹੈ। ਤੁਸੀਂ ਨੀ ਵੇਖਣਾ ਦੋਹਤੀ ਦਾ ਵਿਆਹ?

ਮਾਤਾ ਜੀ - ਹਾਂ ਵੇਖਣ ਨੂੰ ਤਾਂ ਜੀਅ ਕਰਦਾ ਪਰ। ਫਿਰ ਪਿਛਲੇ ਗੁੱਸਾ ਕਰਨਗੇ ਭਾਈ। ਕਿ ਕਦੋਂ ਦੀ ਗਈ, ਮੁੜੀ ਨੀ। ਹੁਣ ਵਿਆਹ ਵੇਖਣ ਲਈ ਰੁਕ ਗਈ। ਪਤਾਂ ਤਾਂ ਹੈ ਪੁੱਤ ਤੈਨੂੰ ਅੱਜ ਕੱਲ ਦੇ ਧੀਆਂ-ਪੁੱਤਾਂ ਦਾ।

ਮੈਂ - ਲੈ ਇਹ ਕੀ ਗੱਲ ਹੋਈ ਭਲਾ। ਤੁਹਾਡੀ ਦੋਹਤੀ ਦਾ ਵਿਆਹ ਆ। ਕੌਣ ਕਰਦਾ ਗੁੱਸਾ ਤੁਹਾਡੇ ਵਿਆਹ ਵੇਖਣ ਤੋਂ, ਨਾਲੇ ਆਪਣੀ ਧੀ ਘਰ ਹੀ ਤਾਂ ਰਹਿਣਾ ਸੀ ਤੁਸੀਂ। ਕਿਹੜੇ ਬਿਗਾਨੇ ਘਰ ਰਹਿਣਾ ਸੀ।

ਮਾਤਾ ਜੀ - ਨਹੀਂ ਪੁੱਤ, ਬੜੇ ਸਿਆਪੇ ਹੁੰਦੇ ਨੇ। ਨਿੱਕੀ-ਨਿੱਕੀ ਗੱਲ ਤੇ ਵੀ।

ਮੈਂ - ਮਾਤਾ ਜੀ ਲੱਗਦਾ, ਨੂੰਹਾ ਪੁੱਤ ਸਾਂਭ ਨੀ ਕਰਦੇ?

ਮਾਤਾ ਜੀ - ਕੀ ਦੱਸਾ ਪੁੱਤ ਹੁਣ, ਝੱਗਾ ਚੁੱਕਿਆ ਆਪਣਾ ਹੀ ਢਿੱਡ ਨੰਗਾ ਹੁੰਦਾ।

ਮੈਂ - ਹਾਂਜੀ ਮਾਤਾ ਜੀ। ਇਹ ਗੱਲਾਂ ਤਾਂ ਠੀਕ ਹੈ। ਪਰ ਤੁਸੀਂ ਦੱਸ ਸਕਦੇ ਹੋ, ਕੋਈ ਗੱਲ ਨੀ। ਮੈਂ ਤੁਹਾਡਾ ਦੁੱਖ ਸਮਝਦਾ ਹਾਂ। ਮੈਂ ਬਹੁਤ ਇਹੋ ਜਿਹੇ ਧੀਆਂ ਪੁੱਤ ਵੇਖੇ ਨੇ ਜੋ ਆਪਣੇ ਮਾਂ-ਪਿਉ ਦੀ ਸਾਂਭ ਕਰਨ ਤੋਂ ਇਨਕਾਰ ਕਰਦੇ ਨੇ। ਗਿਣੇ-ਚੁਣਵੇਂ ਹੀ ਆ ਜੋ ਜਿੰਮੇਵਾਰੀਆਂ ਚੁੱਕਦੇ ਨੇ।

ਮਾਤਾ ਜੀ - ਬਹੁਤ ਘੱਟ ਨੇ ਪੁੱਤ। ਅੱਜ ਕੱਲ ਸਾਰੇ ਮਤਲਬ ਕੱਢ ਪਿਛਵਾੜੇ ਤੇ ਲੱਤ ਮਾਰਦੇ ਨੇ।

ਮੈਂ - ਹੈਗੇ ਨੇ ਮਾਤਾ ਜੀ ਜੋ ਸਾਂਭ ਕਰਦੇ ਨੇ। ਮੇਰੇ ਬਾਪੂ ਜੀ ਹੁਣੀ ਚਾਰ ਭਰਾ ਸੀ। ਦੋ ਹੁਣ ਪੂਰੇ ਹੋ ਗਏ ਆ। ਜਦੋਂ ਮੇਰੇ ਦਾਦਾ-ਦਾਦੀ ਜਿਉਂਦੇ ਸਨ ਤਾਂ ਓਦੋਂ ਮੇਰੇ ਦੋ ਵੱਡੇ ਤਾਏ ਅੱਡ ਸਨ ਤੇ ਮੇਰੇ ਬਾਪੂ ਤੇ ਤਾਇਆ ਇਕੱਠੇ ਸਨ। ਮੇਰੀ ਮਾਂ ਤੇ ਪਿਉ ਨੇ ਮੇਰੇ ਦਾਦਾ- ਦਾਦੀ ਦੀ ਬਹੁਤ

ਸੇਵਾ ਕੀਤੀ। ਹਰ ਕੋਈ ਸਿਫਤਾਂ ਕਰਦਾ ਹੁਣ ਤੱਕ। ਮੇਰੇ ਤਾਏ ਨੇ ਬਾਹਰਲੇ ਮੁਲਕੋਂ ਕਮਾਈ ਭੇਜੀ ਤੇ ਮੇਰੇ ਬਾਪੂ ਨੇ ਘਰ ਰਹਿ ਉਹਨਾਂ ਦੀ ਸੇਵਾ ਕੀਤੀ। ਹੈਗੇ ਨੇ ਐਸੇ ਵੀ ਜੋ ਆਪਣੇ ਮਾਂ-ਪਿਉ ਨੂੰ ਸਾਂਭਣ ਵਿੱਚ ਝਿਜਕਦੇ ਨਹੀਂ।

ਮਾਤਾ ਜੀ - ਬੜੇ ਕਰਮੀ ਭਾਗੀ ਨੇ ਪੁੱਤ ਉਹ। ਜਿੰਨਾਂ ਦੇ ਬੱਚੇ ਸਾਂਭ ਕਰਦੇ ਉਹਨਾਂ ਦੀ। ਮੇਰੇ ਮੁੰਡੇ ਤਾਂ ਬੱਸ ਖਾਣ ਨੂੰ ਜੁੜੇ ਆ।

ਮੈਂ - ਮਾਤਾ ਜੀ। ਤੇ ਬਾਪੂ ਜੀ?

ਮਾਤਾ ਜੀ - ਉਹਨਾਂ ਨੂੰ ਤਾਂ ਪੁੱਤ ਗੁਜਰੇ ਕਿੰਨੇ ਸਾਲ ਹੋ ਗਏ। ਉਹਨਾਂ ਦੇ ਜਾਣ ਪਿੱਛੋਂ ਤਾਂ ਮੇਰੀ ਕਦਰ ਘਟੀ ਆ। ਜੱਦ ਤੱਕ ਉਹ ਜਿਉਂਦੇ ਸੀ, ਮੈਨੂੰ ਕਿਸੇ ਗੱਲ ਦਾ ਫਿਕਰ ਨਹੀਂ ਸੀ। ਜਿਉਂ ਪੁੱਤ ਜਵਾਨ ਹੋਏ। ਵਿਆਹ ਕਰਾਏ। ਜਮੀਨਾਂ ਵੰਡ ਲਈਆਂ ਤੇ ਮੈਨੂੰ ਇੱਕ ਪਾਸੇ ਕਰ ਦਿੱਤਾ।

ਮੈਂ - ਮਾਤਾ ਜੀ ਮੈਂ ਲਿੱਖਦਾ ਹਾਂ। ਥੋੜਾ ਬਹੁਤ। ਜੇ ਤੁਸੀਂ ਮੈਨੂੰ ਆਪਣੇ ਬਾਰੇ ਵਿਸਤਾਰ ਨਾਲ ਦੱਸੋਂ ਤਾਂ ਮੈਂ ਤੁਹਾਡੇ ਦੁੱਖ ਨੂੰ ਜੱਗ ਜਾਹਿਰ ਕਰਾਂਗਾਂ। ਤਾਂ ਜੋ ਲੋਕਾਂ ਨੂੰ ਆਪਣੇ ਮਾਂ-ਪਿਉ ਤਰਫ ਫਰਜ਼ਾਂ ਦਾ ਪਤਾ ਲੱਗੇ।

ਮਾਤਾ - ਕੀ ਕਹਾਣੀ ਲਿਖਣੀ ਪੁੱਤ ਮੇਰੀ। ਪਹਿਲਾਂ ਪੁੱਤਾਂ ਤੋਂ ਜਲੀਲ ਹੋਈ, ਫਿਰ ਨੂੰਹਾਂ ਤੋਂ। ਫਿਰ ਦੁਨੀਆਂ ਤੋਂ ਹੋਵਾਂਗੀ।

ਮੈਂ - ਨਹੀਂ ਮਾਤਾ ਜੀ। ਸਾਰੀ ਦੁਨੀਆਂ ਇੱਕੋ ਜਿਹੀ ਨਹੀਂ ਹੁੰਦੀ। ਬੜੇ ਚੰਗੇ ਲੋਕ ਵੀ ਨੇ ਜੱਗ ਤੇ। ਜੋ ਕਿਸੇ ਦੇ ਦੁੱਖ ਨੂੰ ਦੁੱਖ ਸਮਝਦੇ ਹਨ।

ਮਾਤਾ ਜੀ - ਨਾ ਪੁੱਤ ਰਹਿਣ ਦੇ। ਮੇਰੇ ਟੱਬਰ ਚੋਂ ਕਿਸੇ ਨੇ ਪੜ ਲਈ ਤਾਂ ਹੋਰ ਸਿਆਪਾ ਪੈ ਜਾਊ।

ਮੈਂ - ਵਧੀਆ ਸਗੋਂ, ਉਹ ਪੜਨਗੇਂ ਤਾਂ। ਸ਼ਰਮ ਆਊ ਉਹਨਾਂ ਨੂੰ।

ਮਾਤਾ ਜੀ - ਉਹਨਾਂ ਸ਼ਰਮਿੰਦਿਆਂ ਨੂੰ ਕੀ ਸ਼ਰਮ ਆਉਣੀ। ਜਿਹੜੇ ਤੀਵੀਆਂ ਪਿੱਛੇ ਲੱਗੀ ਫਿਰਦੇ ਨੇ। ਸ਼ਰਮ ਉਦੋਂ ਨਾ ਆਵੇ, ਜਦੋਂ ਬੁੱਢੇ ਵਾਰੀ ਉਹਨਾਂ ਦੀ ਮਾਂ ਭਾਂਡੇ ਮਾਂਜ਼ਦੀ ਫਿਰਦੀ ਏ। ਉਹਨਾਂ ਦੇ ਨਿਆਣਿਆਂ ਲਈ ਲੰਗਰ ਪਕਾਉਂਦੀ ਆ।

ਮੈਂ - ਹਾਂਜੀ। ਇਹ ਗੱਲ ਤਾਂ ਠੀਕ ਹੈ। ਚਲੋਂ ਕੋਈ ਨਾ ਮੈਂ ਨਹੀਂ ਲਿਖਦਾ, ਤੁਸੀਂ ਕਹਿੰਦੇ ਹੋ ਤਾਂ।

ਮਾਤਾ - ਚੱਲ ਲਿਖਲਾ ਪੁੱਤ ਜੋ ਲਿਖਣਾ। ਦੱਸਦੀ ਹਾਂ ਮੈਂ। ਇਹਨਾਂ ਦੀ ਕਰਤੂਤਾਂ ਦਾ ਵੀ ਤਾਂ ਦੁਨੀਆਂ ਨੂੰ ਪਤਾ ਲੱਗੇ।

ਮੈਂ - ਠੀਕ ਆ ਮਾਤਾ ਜੀ। ਨਾਂ ਕੀ ਤੁਹਾਡਾ?

ਮਾਤਾ ਜੀ - ਮੁਖਤਿਆਰ ਕੋਰ।

ਮਾਤਾ ਜੀ ਨੇ ਮੈਨੂੰ ਆਪਣੇ ਪਿੰਡ ਦਾ ਨਾਂ ਵੀ ਦੱਸਿਆ ਜੋ ਕਿ ਇਸ ਵਕਤ ਮੈਨੂੰ ਯਾਦ ਨਹੀਂ। ਕਾਫੀ ਸਮਾਂ ਯਾਦ ਕਰਨ ਦੇ ਬਾਅਦ ਵੀ ਮੈਨੂੰ ਯਾਦ  ਨਹੀਂ ਆਇਆ। ਹਾਂ, ਪਿੰਡ ਕੋਟਕਪੂਰੇ ਦੇ ਆਸ ਪਾਸ ਹੀ ਹੈ।

ਮੈਂ - ਤੇ ਮਾਤਾ ਜੀ ਕਿੰਨੇ ਧੀਆਂ ਪੁੱਤ ਨੇ?

ਮਾਤਾ ਜੀ - ਦੋ ਧੀਆਂ ਤੇ ਦੋ ਪੁੱਤ ਆ। ਸਾਰੇ ਵਿਆਹੇ ਆ। ਹੁਣ ਤਾਂ ਸੁੱਖ ਨਾਲ ਉਹਨਾਂ ਦੇ ਧੀਆਂ-ਪੁੱਤ ਵਿਆਹ ਦੇ ਯੋਗ ਹੋ ਗਏ ਨੇ।

ਮੈਂ - ਦੱਸੋ ਫਿਰ ਮਾਤਾ ਜੀ ਆਪਣੇ ਬਾਰੇ। ਧੀਆਂ ਪੁੱਤਾਂ ਬਾਰੇ।

ਮਾਤਾ ਜੀ - ਕਾਫੀ ਸਮੇਂ ਪਹਿਲਾਂ ਦੀ ਗੱਲ ਆ। ਮੇਰਾ ਘਰਵਾਲਾ ਗੁਜਰ ਗਿਆ। ਘਰ ਦੀ ਸਾਰੀ ਜਿੰਮੇਵਾਰੀ ਮੇਰੇ ਤੇ ਆ ਗਈ। ਮੈਂ ਆਪਣੇ ਧੀਆਂ-ਪੁੱਤਾਂ ਨੂੰ ਪਾਲਿਆ ਤੇ ਇੱਕ-ਇੱਕ ਕਰ ਦੋਵੇਂ ਧੀਆਂ ਵਿਆਹ ਦਿੱਤੀਆਂ। ਧੀਆਂ ਮੇਰੀਆਂ ਚੰਗੀਆਂ ਨੇ ਤੇ ਜਵਾਈ ਤਾਂ ਧੀਆਂ ਨਾਲੋਂ ਵੱਧਕੇ ਕਰਦੇ ਨੇ।

ਪਹਿਲਾਂ ਵੱਡੇ ਪੁੱਤ ਦਾ ਵਿਆਹ ਕੀਤਾ। ਕੁਝ ਚਿਰ ਤਾਂ ਨੂੰਹ ਨਾਲ ਸੋਹਣੀ ਨਿਭੀ। ਨਵੀਂ-ਨਵੀਂ ਜੋ ਸੀ। ਪਰ ਹੋਲੀ ਹੋਲੀ ਉਸਨੇ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਸਵੇਰੇ ਦੇਰੀ ਨਾਲ ਉੱਠਣਾ। ਸਾਫ਼-ਸਫ਼ਾਈ ਵੱਲ ਧਿਆਨ ਨਾ ਦੇਣਾ। ਬਸ ਰਿਸ਼ਤੇ ਦਾਰੀਆਂ ਵਿੱਚ ਫਿਰਨ ਤੇ ਟੱਕ ਚਾੜ ਛੱਡਣਾ। ਮੈਂ ਹੀ ਰੋਟੀ-ਪਾਣੀ ਕਰਨਾ ਤੇ ਫਿਰ ਬਾਕੀ ਘਰ ਦੇ ਕੰਮ। ਮੁੰਡਾ ਮੇਰਾ ਵੀ ਓਸੇ ਪਿੱਛੇ ਲੱਗਿਆ। ਜਿੱਦਾਂ ਕਹਿੰਦੀ ਓਦਾਂ ਹੀ ਕਰਦਾ। ਮੈਂ ਉਸ ਨੂੰ ਕਹਿੰਦੀ ਕਿ ਨੂੰਹ ਨੂੰ ਬਹੁਤਾ ਸਿਰ ਨਾ ਚੜਾ, ਪਰ ਉਹ ਮੇਰੀਆਂ ਗੱਲਾਂ ਕਿੱਥੇ ਮੰਨਦਾ। ਮੈਂ ਉਹਨਾਂ ਨੂੰ ਘੁੰਮਣ-ਫਿਰਨ ਤੋਂ ਨਹੀਂ ਸੀ ਰੋਕਿਆ। ਪਰ ਘਰ ਦਾ ਕੰਮ ਛੱਡ ਅਵਾਰਾਗਰਦੀਆਂ ਕਰਨਾ ਵੀ ਤਾਂ ਚੱਜ ਦਾ ਕੰਮ ਨੀ। ਫਿਰ ਸੋਚਿਆ ਚੱਲ ਇਹ ਏਦਾਂ ਕਰਦੀ ਤਾਂ ਕੋਈ ਗੱਲ ਨੀ ਮੈਂ ਦੂਜੇ ਮੁੰਡੇ ਦਾ ਵਿਆਹ ਕਰਾ ਦਿੰਦੀ ਆ। ਉਹ ਤਾਂ ਘਰ ਦਾ ਕੰਮ ਕਰੂਗੀ। ਮੈਨੂੰ ਚਾਹੀਦਾ ਵੀ ਕੀ ਸੀ। ਬਸ ਦੋ ਵੇਲੇ ਦੀ ਰੋਟੀ। ਆਪਣੇ ਲੀੜੇ ਨਾਉਣ ਵੇਲੇ ਆਪ ਹੀ ਧੋ ਲੈਂਦੀ ਸੀ। ਪਰ ਦੋ ਵੇਲੇ ਦੀ ਰੋਟੀ ਵੀ ਦੇਣੀ ਉਸਨੂੰ ਭਾਰੀ ਸੀ।

ਥੋੜੇ ਸਮੇਂ ਬਾਅਦ ਮੈਂ ਦੂਜੇ ਮੁੰਡੇ ਦਾ ਵਿਆਹ ਕਰ ਦਿੱਤਾ। ਕਹਿਣ ਨੂੰ ਤਾਂ ਪੜੀਆਂ ਲਿਖੀਆਂ ਪਰ ਇੱਜ਼ਤ ਕਰਨ ਦਾ ਇੱਕ ਧੇਲੇ ਦਾ ਨਹੀਂ ਪਤਾ। ਖੈਰ ਨਿੱਕੇ ਮੁੰਡੇ ਦੀ ਘਰਵਾਲੀ ਨੇ ਪਹਿਲਾਂ ਚਾਰ ਕੁ ਦਿਨ ਸੇਵਾ ਕੀਤੀ। ਮੈਂ ਕਿਹਾ ਚੱਲ ਸ਼ੁਕਰ ਆ ਬਾਬਾ ਜੀ ਦਾ। ਇੱਕ ਨਹੀਂ ਤਾਂ ਦੂਜੀ ਚੰਗੀ ਹੈ। ਪਰ ਉਸਨੇ ਮਹੀਨਾਂ ਵੀ ਨਾ ਪੂਰਾ ਹੋਣ ਦਿੱਤਾ। ਮੇਰਾ ਫਿਰ ਓਹੀ ਹਾਲ। ਮੈਂ

ਮੁੰਡਿਆਂ ਨੂੰ ਕਹਿਣਾ ਤਾਂ ਉਹਨਾਂ ਕਹਿਣਾ ਕਿ ਬੇਬੇ ਤੂੰ ਵਿਹਲੀ ਏ ਘਰ, ਕਰ ਲਿਆ ਕਰ ਮਾੜਾ ਮੋਟਾ ਕੰਮ। ਥੋੜੇ ਬਹੁਤੇ ਕੰਮ ਨਾਲ ਬੰਦੇ ਦੇ ਹੱਢ ਪੈਰ ਚੱਲਦੇ ਰਹਿੰਦੇ ਨੇ। ਕੋਈ ਗੱਲ ਨੀ।

ਮੇਰੀ ਜਿੰਦਗੀ ਮੈਨੂੰ ਬੇਕਾਰ ਜਾਪਣ ਲੱਗੀ। ਫਿਰ ਉਹਨਾਂ ਦੇ ਨਿਆਣੇ ਹੋਣ ਲੱਗੇ। ਪੋਤੇ-ਪੋਤੀਆਂ ਦੀ ਖੁਸ਼ੀ ਤਾਂ ਸੀ। ਪਰ ਉਹਨਾਂ ਦੇ ਪੋਤੜੇ ਵੀ ਮੈਂ ਧੋਣੇ ਤੇ ਲੰਗਰ ਪਾਣੀ ਵੀ ਮੈਂ ਹੀ ਕਰਨਾ। ਜਦੋਂ ਨੂੰਹਾਂ ਨੂੰ ਕਿਤੇ ਕੰਮ ਕਹਿ ਦੇਣਾ ਤਾਂ ਉਹਨਾਂ ਸਿੱਧੇ ਮੂੰਹ ਗੱਲ ਤੱਕ ਨਾ ਕਰਨੀ। ਤੇ ਉੱਤੋਂ ਮੁੰਡਿਆਂ ਕੋਲ ਸ਼ਿਕਾਇਤ ਕਰ ਮੈਨੂੰ ਝਿੜਕਾਂ ਪਵਾ ਦੇਣੀਆਂ। ਫਿਰ ਦੋਨਾਂ ਭਰਾਵਾਂ ਦੀ ਆਪਸ ਵਿੱਚ ਵੀ ਨਾ ਬਣਦੀ। ਉਹਨਾਂ ਨੇ ਪੁੱਤਾਂ ਨੂੰ ਅੱਡ ਕਰਾ ਦਿੱਤਾ। ਮੈਂ ਵੱਡੇ ਮੁੰਡੇ ਦੇ ਨਾਲ ਰਹਿਣ ਲੱਗੀ। ਉਨ੍ਹਾਂ ਆਪਸ ਵਿੱਚ ਜਮੀਨ ਵੰਡ ਲਈ। ਮੇਰੀਆਂ ਧੀਆਂ ਨੇ ਮੈਨੂੰ ਬਹੁਤ ਕਿਹਾ ਕਿ ਜਮੀਨ ਨੂੰ ਤਿੰਨਾਂ ਹਿੱਸਿਆਂ ਵਿੱਚ ਵੰਡ, ਤਾਂ ਜੋ ਮੁੰਡੇ ਤੇਰੀ ਕਦਰ ਕਰਨ। ਪਰ ਮੈਂ ਇਸ ਗੱਲ ਵੱਲ ਧਿਆਨ ਨਾ ਦਿੱਤਾ ਤੇ ਦੋਵਾਂ ਮੁੰਡਿਆਂ ਨੂੰ ਉਹਨਾਂ ਦੇ ਹਿੱਸੇ ਆਉਂਦੀ ਜਮੀਨ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਵੱਡੀ ਨੂੰਹ ਘਰ ਦਾ ਕੰਮ ਕਾਰ ਭਾਵੇਂ ਘੱਟ ਕਰਦੀ ਸੀ ਪਰ ਮੈਨੂੰ ਬੁਰਾ ਭਲਾ ਬਹੁਤਾ ਨਹੀ ਸੀ ਕਹਿੰਦੀ। ਇਸ ਲਈ ਮੈਂ ਵੱਡੇ ਨਾਲ ਹੀ ਰਹਿੰਦੀ। ਮੈਂ ਸਵੇਰੇ ਤੜਕੇ ਉੱਠਣਾ, ਨਹਾਂ-ਧੋ ਭਜਨ ਸਿਮਰਨ ਕਰਨਾ ਤੇ ਫਿਰ ਚਾਹ ਬਣਾ ਪੀਣੀ ਤੇ ਸਾਰਿਆ ਲਈ ਰੋਟੀ ਪਕਾ ਦੇਣੀ। ਨੂੰਹ ਰੋਜ਼ ਕਵੇਲੇ ਨਾਲ ਉੱਠਦੀ ਸੀ। ਇੱਕ ਗੱਲ ਜਰੂਰ ਸੀ, ਮੈਂ ਤੜਕੇ ਉੱਠ ਰੋਟੀ ਪਾਣੀ ਕਰਨਾ ਤੇ ਮੇਰੀ ਨੂੰਹ ਨੇ ਜਦੋਂ ਕਦੇ ਵੇਲੇ ਨਾਲ ਉੱਠਣਾ ਤਾਂ ਆਪਣੇ ਨਿਆਣਿਆ ਲਈ ਤੇ ਮੇਰੇ ਮੁੰਡੇ ਲਈ ਰੋਟੀ ਪਕਾ ਲੈਣੀ ਪਰ ਮੇਰੇ ਲਈ ਨਾ ਪਕਾਉਣੀ। ਪਤਾ ਨਹੀਂ ਕੀ ਵੈਰ ਕੱਢਦੀ ਏ। ਲੀੜੇ ਵੀ ਮੈਂ ਹੀ ਧੋਣੇ। ਉਹ ਮਜ਼ਾਜ ਨਾਲ ਉੱਠਦੀ ਤੇ ਮਾੜਾ ਮੋਟਾ ਕੰਮ ਕਰ ਸਾਰਾ ਦਿਨ ਫੋਨ ਨੂੰ ਚਿੰਬੜੀ ਰਹਿੰਦੀ। ਮੈਂ ਉਸਨੂੰ ਬਹੁਤਾ ਨਾ ਕਹਿਣਾ। ਮੈਂ ਮੰਨ ਲਿਆ ਸੀ ਕਿ ਮੇਰੇ ਕਰਮਾਂ ਵਿੱਚ ਇਹੀ ਲਿਖਿਆ ਹੈ।

ਇਸ ਸਭ ਤੋਂ ਖਹਿੜਾ ਛੁਡਾ ਕਦੇ-ਕਦੇ ਮੈਂ ਡੇਰੇ ਚਲੀ ਜਾਂਦੀ, ਸੇਵਾ ਤੇ। ਸੇਵਾ ਤਾਂ ਬਸ ਇੱਕ ਬਹਾਨਾ ਸੀ, ਘਰ ਦੀ ਖਿਝਾ-ਖਿਝਾਈ ਤੋਂ ਦੂਰ ਰਹਿਣ ਦਾ। ਪਰ ਮੇਰੀਆਂ ਨੂੰਹਾਂ ਨੂੰ ਮੇਰਾ ਡੇਰੇ ਜਾਣਾ ਜਾਂ ਹੋਰ ਧੀ ਕੋਲ ਜਾਣਾ ਵੀ ਚੰਗਾ ਨਹੀਂ ਸੀ ਲੱਗਦਾ। ਘਰ ਦਾ ਕੰਮ ਜੋ ਕਰਨਾ ਪੈਂਦਾ ਸੀ। ਇੱਕ ਦੋ ਵਾਰ ਮੇਰੇ ਮੁੰਡੇ ਨੇ ਮੈਨੂੰ ਮਾਰਿਆ ਵੀ। ਗੱਲ ਕੋਈ ਵੱਡੀ ਨਹੀਂ ਸੀ ਬਸ ਧੀਆਂ ਨੇ ਆ ਜਰੂਰ ਉਹਨਾਂ ਨੂੰ ਬੁਰਾ ਭਲਾ ਕਿਹਾ। ਪਰ ਹਾਲ ਓਹੀ ਰਿਹਾ। ਮੈਂ ਕਦੇ-ਕਦੇ ਆਪਣੀਆਂ ਧੀਆਂ ਕੋਲ ਰਹਿਣ ਚਲੀ ਜਾਂਦੀ। ਜਦੋਂ ਬਹੁਤੇ ਦਿਨ ਰਹਿੰਦੀ ਤਾਂ ਫਿਰ ਖਿਚ-ਖਿਚ। ਜੇ ਪੁੱਤ ਮੈਂ ਕੱਲੀ-ਕੱਲੀ ਗੱਲ ਦੱਸਾਂ ਤਾਂ ਪੂਰੀਆਂ ਨੀ ਪੈਣੀਆਂ।

ਆਹ ਥੋੜਾ ਚਿਰ ਪਹਿਲਾਂ ਮੇਰੀ ਬੰਬੇ ਵਾਲੀ ਕੁੜੀ ਤੇ ਜਵਾਈ ਪਿੰਡ ਆਏ ਸਨ। ਉਹ ਮੈਨੂੰ ਬਦੋ-ਬਦੀ ਬੰਬੇ ਲੈ ਆਏ। ਮੇਰੇ ਦੋਹਤੇ-ਦੋਹਤੀਆਂ ਮੈਨੂੰ ਵੇਖ ਬੜਾ ਖੁਸ਼ ਹੋਏ। ਉਹ ਮੈਨੂੰ ਰੋਜ ਘੁੰਮਣ ਲੈ ਕੇ ਜਾਂਦੇ। ਕਦੇ ਕੁਝ, ਕਦੇ ਕੁਝ, ਵੰਨ-ਸਵੰਨਾ ਖਾਣ ਨੂੰ ਦੇਂਦੇ। ਏਨਾਂ ਚਾਅ ਤਾਂ ਮੇਰੇ ਕਿਸੇ ਪੁੱਤ ਜਾਂ ਪੋਤਰੇ ਨੇ ਅੱਜ ਤੱਕ ਨਹੀਂ ਕੀਤਾ। ਮੈਨੂੰ ਕਦੇ ਰਸੋਈ ਵਿੱਚ ਵੀ ਨਹੀਂ ਜਾਣ ਦਿੱਤਾ। ਇੱਕ ਭਾਂਡਾ ਏਥੋਂ ਚੁੱਕ ਓਥੇ ਨਾ ਰੱਖਣ ਦੇਣਾ। ਜਵਾਈ ਨੇ ਰੋਜ ਸੇਵਾ ਕਰਨੀ। ਮੈਂ ਕਹਿਣਾ ਰੱਬਾ ਕਿਤੇ ਇਹ ਮੇਰਾ ਪੁੱਤ ਹੁੰਦਾ। ਇਸ ਗੱਲ ਦਾ ਸ਼ੁਕਰ ਮਨਾਉਣਾ ਕਿ ਮੇਰੀ ਧੀ ਦਾ ਘਰਵਾਲਾ ਚੰਗਾ ਏ। ਮੇਰੇ ਪੁੱਤਾ ਵਰਗਾ ਨਹੀਂ। ਉਸ ਨੇ ਮੈਨੂੰ ਪੱਕਾ ਹੀ ਉੱਥੇ ਰੁਕਣ ਲਈ ਕਿਹਾ। ਪਰ ਮੇਰਾ ਉਹਨਾਂ ਤੇ ਬੋਝ ਬਣਨ ਨੂੰ ਜੀਅ ਨਾ ਕੀਤਾ। ਜਿਹੜੀ ਜਿੰਮੇਵਾਰੀ ਮੇਰੇ ਨੂੰਹਾਂ ਤੇ ਪੁੱਤਾਂ ਨੂੰ ਚੁੱਕਣ ਦੀ ਲੋੜ ਹੈ, ਉਹ ਮੇਰਾ ਜਵਾਈ ਜਾਂ ਧੀ ਕਿਉਂ ਚੁੱਕੇ। ਉਹ ਜਿੰਨਾ ਮਰਜੀ ਪਿਆਰ ਕਰਦੇ ਹੋਣ ਪਰ ਮੈਂ ਉਹਨਾਂ ਦੇ ਪਿਆਰ ਦਾ ਨਜ਼ਾਇਜ ਫੈਦਾ ਨਹੀਂ ਚੁੱਕਣਾ ਚਾਹੁੰਦੀ। ਮੰਨਿਆ ਮੇਰੇ ਨੂੰਹ-ਪੁੱਤ ਮੇਰੀ ਦੇਖ ਭਾਲ ਨਹੀਂ ਕਰਦੇ। ਪਰ ਅੱਜ ਨਹੀਂ ਤਾਂ ਕੱਲ ਕਰਨਗੇ ਹੀ। ਖੈਰ ਮੇਰਾ ਉੱਥੇ ਰਹਿਣਾ ਮੈਨੂੰ ਠੀਕ ਨਾ ਲੱਗਾ।

ਮੇਰੇ ਉੱਥੇ ਰਹਿੰਦਿਆਂ ਹੀ ਮੇਰੀ ਦੋਹਤੀ ਦਾ ਵਿਆਹ ਪੱਕਾ ਹੋ ਗਿਆ। ਉਹਨਾਂ ਮੈਨੂੰ ਵਿਆਹ ਤੱਕ ਉੱਥੇ ਰੁਕਣ ਲਈ ਕਿਹਾ ਪਰ ਮੈਂ ਸੋਚਿਆ ਕਿ ਅਗਰ ਮੈਂ ਉੱਥੇ ਰੁਕ ਗਈ ਤਾਂ ਘਰੇ ਸਿਆਪਾ ਪੈ ਜੂ। ਨੂੰਹਾਂ ਪੁੱਤਾਂ ਨੇ ਕਹਿਣਾ ਕਿ ਇਹ ਪਹਿਲਾਂ ਜਾ ਕੇ ਬੈਠ ਗਈ। ਵਿਆਹ ਚ' ਅਜੇ ਮਹੀਨਾ ਬਾਕੀ ਆ। ਫਿਰ ਉਹਨਾਂ ਵੀ ਵਿਆਹ ਵੇਖਣ ਆਉਣਾ। ਜੇ ਮੈਂ ਬੰਬੇ ਰਹਿੰਦੀ ਤਾਂ ਉਹਨਾਂ ਕੋਲੋਂ ਨਹੀਂ ਜਾਇਆ ਜਾਣਾ। ਕਿਸੇ ਨੂੰ ਤਾਂ ਘਰ ਰਹਿਣਾ ਪਊ। ਵਿਆਹ ਤੋਂ ਬਾਅਦ ਜੇ ਮੈਂ ਘਰ ਗਈ ਤਾਂ ਮੇਰਾ ਜਿਉਣਾ ਔਖਾ ਕਰ ਦੇਣਾ ਮੇਰੀ ਨੂੰਹ ਨੇ। ਏਦੇ ਨਾਲੋਂ ਚੰਗਾ ਮੈਂ ਵਿਆਹ ਹੀ ਨਾ ਵੇਖਾ। ਮੈਂ ਵਿਆਹ ਵੇਖ ਕੇ ਕਰਨਾ ਵੀ ਕੀ ਆ। ਸਾਰੀ ਉਮਰ ਵਿਆਹ ਹੀ ਤਾਂ ਵੇਖੇ ਨੇ। ਕੋਈ ਨਾ ਫਿਰ ਸਹੀ। ਮੈਂ ਉੱਥੋਂ ਘਰ ਆਉਣ ਦਾ ਫੈਸਲਾ ਲੈ ਲਿਆ। ਉਹਨਾਂ ਮੈਨੂੰ ਗੱਡੀ ਬਿਠਾ ਦਿੱਤਾ। ਤੇ ਆਹ ਫੋਨ ਦਿੱਤਾ। ਆਹ ਨੰਬਰ ਵੀ ਲਿੱਖ ਕੇ ਦਿੱਤੇ, ਮੇਰੇ ਨੂੰਹ-ਪੁੱਤ ਤੇ ਜਵਾਈ ਦਾ। ਕਿਹਾ ਕਿ ਕਿਸੇ ਕੋਲੋਂ ਗੱਡੀ ਚ' ਲਵਾਂ ਲਈ ਜਦੋਂ ਕੋਟਕਪੂਰੇ ਪਹੁੰਚੀ ਤਾਂ ਫੋਨ ਕਰ ਦੇਵੀਂ। ਓਦਾਂ ਉਹਨਾਂ ਕੋਲ ਵੀ ਨੰਬਰ ਹੈਗਾ ਇਹ। ਉਹ ਆਪ ਹੀ ਫੋਨ ਕਰ ਦੇਣਗੇ।

ਮੈਂ - ਓਦਾਂ ਮਾਤਾ ਜੀ ਤੁਹਾਨੂੰ ਆਪਣੀ ਧੀ ਕੋਲ ਰਹਿ ਜਾਣਾ ਚਾਹੀਦਾ ਸੀ। ਜੇ ਧੀ ਸਾਂਭਦੀ ਹੈ, ਜਵਾਈ ਵੀ ਚੰਗਾ ਤਾਂ, ਉੱਥੇ ਰਹਿਣ ਵਿੱਚ ਕੀ ਹਰਜ ਹੈ।

ਮਾਤਾ ਜੀ - ਨਹੀਂ ਪੁੱਤ, ਤੂੰ ਅਜੇ ਨਿਆਣਾ ਏ। ਬੜੀਆਂ ਗੱਲਾਂ ਹੋ ਜਾਂਦੀਆਂ ਨੇ ਘਰਾਂ ਦੀਆਂ, ਸੌ ਸਿਆਪੇ ਨੇ।

ਮੈਂ - ਮਾਤਾ ਜੀ ਮੇਰੇ ਕਹਿਣ ਦਾ ਮਤਲਬ ਆ ਕਿ ਜਿਹੜੇ ਪੁੱਤ ਕਦਰ ਨਹੀਂ ਕਰਦੇ, ਉਹ ਜੋ ਮਰਜੀ ਸੋਚੀਂ ਜਾਣ। ਜੋ ਮਰਜੀ ਕਹਿਣ, ਕੀ ਫਰਕ ਪੈਂਦਾ। ਜੇ ਤੁਸੀਂ ਆਪਣੀ ਧੀ ਕੋਲ ਰਹਿਣਾ ਤਾਂ ਰਹਿ ਲਉ। ਤੁਹਾਡੇ ਬੁਢਾਪੇ ਦੇ ਦਿਨ ਸੁੱਖ ਦੇ ਲੰਘ ਜਾਣਗੇ।

ਮਾਤਾ ਜੀ - ਜੀਅ ਤਾਂ ਪੁੱਤ ਬੜਾ ਕੁਝ ਕਰਦਾ। ਪਰ ਸਾਰੇ ਚਾਅ ਤਾਂ ਪੂਰੇ ਨੀ ਹੁੰਦੇ। ਬਾਕੀ ਜਿੱਥੇ ਸਾਰੀ ਉਮਰ ਲੰਘ ਗਈ, ਚਾਰ ਦਿਨ ਹੋਰ ਸਹੀ। ਕੀ ਫਰਕ ਪੈਂਦਾ।

ਮੇਰੇ ਕੋਲ ਮਾਤਾ ਦੇ ਸੁਆਲਾਂ ਦੇ ਜੁਆਬ ਨਹੀਂ ਸਨ। ਇਹ ਜਰੂਰ ਕਹਿ ਸਕਦਾ ਕਿ ਹੋ ਸਕਦਾ ਮੇਰੀ ਉਮਰ ਘੱਟ ਹੋਣ ਕਾਰਨ ਜਾਂ ਇਹੋ ਜਿਹੀਆਂ ਜਿੰਮੇਵਾਰੀਆਂ ਨਾ ਹੋਣ ਕਾਰਨ, ਮੈਂ ਮਾਤਾ ਦੇ ਦੁੱਖ ਨੂੰ ਨਹੀਂ ਸੀ ਸਮਝ ਸਕਦਾ। ਗੱਲਾਂ ਕਰਦੇ-ਕਰਦੇ ਅਸੀਂ ਕੋਟਕਪੂਰੇ ਨੇੜੇ ਆ ਗਏ। ਇਸ ਸਾਰੇ ਰਸਤੇ ਦੌਰਾਨ ਅਸੀਂ ਚਾਹ-ਪਾਣੀ ਪੀਤਾ ਤੇ ਡੇਰੇ ਬਾਰੇ ਵੀ ਬਹੁਤ ਗੱਲਾਂ ਕੀਤੀਆਂ। ਕੋਟਕਪੂਰੇ ਦੇ ਨੇੜੇ ਪਹੁੰਚਣ ਤੇ ਮਾਤਾ ਨੇ ਮੈਨੂੰ ਆਪਣਾ ਫੋਨ ਦਿੱਤਾ ਤੇ ਨੰਬਰ ਫੜਾ ਮਿਲਾਉਣ ਲਈ ਕਿਹਾ। ਜੋ ਕਿ ਉਸਦੇ ਮੁੰਡੇ ਦਾ ਸੀ। ਮੈਂ ਫੋਨ ਲਾ ਮਾਤਾ ਨੂੰ ਫੜਾ ਦਿੱਤਾ। ਮਾਤਾ ਨੇ ਆਪਣੇ ਪਹੁੰਚਣ ਦੀ ਖਬਰ ਦਿੱਤੀ ਤੇ ਫੋਨ ਬੰਦ ਕਰ ਦਿੱਤਾ।

ਫਿਰ ਕੁਝ ਗੱਲਾਂ ਬਾਤਾਂ ਕਰਨ ਬਾਅਦ ਮਾਤਾ ਜੀ ਖਾਮੋਸ਼ ਬੈਠ ਗਏ ਤੇ ਬਾਰੀ ਰਾਹੀ ਬਾਹਰ ਦੇਖਣ ਲੱਗੇ। ਮੈਂ ਫੋਨ ਨਾਲ ਮਾਤਾ ਦੀਆਂ ਫੋਟਵਾਂ ਖਿੱਚੀਆਂ। ਇਸ ਕਹਾਣੀ ਵਾਲੀ ਤਸਵੀਰ ਮਾਤਾ ਦੀ ਆਪਣੀ ਤਸਵੀਰ ਹੈ। ਉਸਦੇ ਝੁਰੜੀਆ ਤੇ ਨਾਮੋਸ਼ੀ ਭਰੇ ਚਿਹਰੇ ਤੋਂ ਸਾਫ਼ ਝਲਕ ਰਿਹਾ ਸੀ ਕਿ ਉਹ ਕਿੰਨੇ ਦੁੱਖ ਅੰਦਰ ਲੁਕਾਈ ਬੈਠੀ ਹੋਵੇਗੀ। ਪਿੰਡ ਵਾਪਸ ਪਰਤਣ ਲਈ ਉਹ ਖੁਸ਼ ਨਹੀਂ ਸੀ ਜਾਪਦੀ। ਮੈਂ ਦੇਖ ਰਿਹਾ ਸੀ ਕਿ ਕਿਵੇਂ ਇੱਕ ਮਾਂ ਆਪਣੇ ਅੱਥਰੂਆਂ ਨੂੰ ਰੋਕਣ ਦਾ ਯਤਨ ਕਰ ਰਹੀ ਹੈ। ਮੈਂ ਹੈਰਾਨ ਸੀ ਕਿ ਮਾਤਾ ਨੇ ਇੱਕ ਵੀ ਹੰਝੂ ਨਹੀਂ ਸੀ ਅੱਖ ਵਿੱਚ ਆਉਣ ਦਿੱਤਾ। ਏਨਾ ਦੁੱਖ ਹੋਣ ਦੇ ਬਾਵਜੂਦ ਮਾਤਾ ਦਾ ਹਿਰਦਾ ਕਠੋਰ ਸੀ। ਮਾਤਾ ਦੀ ਸਹਿਨ ਸ਼ਕਤੀ ਨੂੰ ਦੇਖ ਮੇਰਾ ਦਿਲ ਪਸੀਜ ਗਿਆ। ਪਰ ਖਾਮੋਸ਼ੀ ਤੇ ਨਾਮੋਸ਼ੀ ਸਭ ਬਿਆਨ ਕਰ ਦੇਂਦੇ ਨੇ।

ਕੁਝ ਸਮੇਂ ਪਿੱਛੋਂ ਮਾਤਾ ਨੇ ਮੇਰੇ ਬਾਰੇ ਪੁੱਛਿਆ ਕਿ ਵਿਆਇਆ ਏ ਜਾਂ ਕੁਆਰਾ। ਮੈਂ ਆਪਣੇ ਬਾਰੇ ਦੱਸਿਆ ਕਿ ਮੈਂ ਕੁਆਰਾ ਹੀ ਹਾਂ। ਫਿਰ ਕੁਝ ਹਾਸੇ ਡਿੱਠੇ ਵਾਲੀਆਂ ਗੱਲਾਂ

ਕੀਤੀਆਂ। ਫਿਰ ਬਾਬਾ ਜੀ ਬਾਰੇ ਗੱਲਾਂ ਹੋਈਆਂ। ਕਿਤਾਬ ਵਿੱਚੋਂ ਪੜ ਮੈਂ ਮਾਤਾ ਜੀ ਨੂੰ ਦੋ ਸਾਖੀਆਂ ਸੁਣਾਈਆ। ਕੁਝ ਸਮੇਂ ਲਈ ਮਾਤਾ ਦੀ ਨਿਰਾਸ਼ਾ ਦੂਰ ਜਾਪੀ। ਜਾਂ ਸਿਰਫ ਦਿਖਾਵੇ ਲਈ ਹੀ ਸੀ।

ਏਨੇ ਨੂੰ ਕੋਟਕਪੂਰੇ ਦਾ ਸਟੇਸ਼ਨ ਆ ਗਿਆ। ਮੈਂ ਕਾਹਲੀ ਨਾਲ ਮਾਤਾ ਦਾ ਸਮਾਨ ਬਾਰੀ ਦੇ ਕੋਲ ਰੱਖਿਆ ਤੇ ਗੱਡੀ ਰੁਕਣ ਤੇ ਬਾਹਰ ਕੱਢਿਆ। ਫਿਰ ਮਾਤਾ ਨੂੰ ਉਤਾਰਿਆ। ਏਨੇ ਨੂੰ ਇੱਕ ਔਰਤ ਤੇ ਆਦਮੀ ਮਾਤਾ ਵੱਲ ਨੂੰ ਭੱਜੇ ਆਏ। ਮਾਤਾ ਨੂੰ ਮਿਲੇ ਤੇ ਸਮਾਨ ਫੜਨ ਲੱਗ ਪਏ। ਮੈਂ ਦੋਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਗੱਡੀ ਬਹੁਤੀ ਦੇਰ ਨਾ ਰੁਕੀ ਤੇ ਹਾਰਨ ਵੱਜ ਗਿਆ। ਮੈਂ ਮਾਤਾ ਨੂੰ ਮਿਲਿਆ ਤਾਂ ਮਾਤਾ ਨੇ ਮੈਨੂੰ ਘੁੱਟ ਕੇ ਗਲ ਨਾਲ ਲਾ ਲਿਆ। ਗੱਡੀ ਤੁਰ ਪਈ। ਮੈਂ ਹੱਥ ਜੋੜ ਰਾਧਾ ਸੁਆਮੀ ਬੁਲਾਈ ਤੇ ਭੱਜ ਕੇ ਗੱਡੀ ਚੜਿਆ। ਗੱਡੀ ਚੜ ਬਾਰੀ ਚ' ਖਲੋ ਮਾਤਾ ਨੂੰ ਜਾਂਦੇ ਦੇਖਣ ਲੱਗਾ। ਮਾਤਾ ਉਸ ਆਦਮੀ ਤੇ ਔਰਤ ਨਾਲ ਘਰ ਨੂੰ ਤੁਰ ਪਈ। ਮੈਂ ਓਨੀ ਦੇਰ ਤੱਕ ਉਹਨਾਂ ਨੂੰ ਦੇਖਦਾ ਰਿਹਾ ਜੱਦ ਤੱਕ ਉਹ ਮੇਰੀਆਂ ਅੱਖਾਂ ਤੋ ਓਹਲੇ ਨਹੀਂ ਹੋ ਗਏ। ਰਾਤ ਨੌ ਵਜੇ ਦੇ ਕਰੀਬ ਮੈਂ ਬਿਆਸ ਪਹੁੰਚਿਆ ਤੇ ਫਿਰ ਅਗਲੇ ਦਿਨ ਭੂਆ ਘਰ ਗਿਆ। ਮੇਰੇ ਪਹੁੰਚਣ ਤੋਂ ਪਹਿਲਾਂ ਹੀ ਭੂਆ ਜੀ ਦਾ ਸ਼ੰਸਕਾਰ ਹੋ ਚੁੱਕਾ ਸੀ। ਸਭ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ। ਫਿਰ ਭੋਗ ਪੈਣ ਤੱਕ ਮੇਰਾ ਉੱਥੇ ਆਉਣ ਜਾਣ ਬਣਿਆ ਰਿਹਾ। ਪਰ ਉਸ ਤੋਂ ਬਾਅਦ ਮੇਰਾ ਉੱਥੇ ਜਾਣਾ ਘੱਟ ਗਿਆ। ਭੂਆ ਤੋਂ ਬਿਨਾਂ ਘਰ ਸੁੰਨਾ ਲੱਗਣਾ। ਇੱਝ ਲੱਗਣਾ ਜਿਵੇਂ ਕੋਈ ਪੁੱਛ-ਗਿੱਛ ਕਰਨ ਵਾਲਾ ਜਾਂ ਪਿਆਰ ਕਰਨ ਵਾਲਾ ਉੱਥੇ ਕੋਈ ਨਹੀਂ। ਵਕਤ ਲੰਘਦਾ ਗਿਆ ਤੇ ਦੁੱਖੀ ਹਿਰਦਾ ਬਦਲਣ ਲੱਗਾ।

ਮਾਤਾ ਮੁਖਤਿਆਰ ਕੌਰ ਨਾਲ ਮੁਲਾਕਾਤ ਮੇਰੀ ਜਿੰਦਗੀ ਨੂੰ ਵੱਖਰੇ ਮੋੜ ਤੇ ਲੈ ਆਈ। ਕੁਝ ਘੰਟਿਆ ਵਿੱਚ ਉਹਨਾਂ ਨਾਲ ਇੱਕ ਅੰਦਰੂਨੀ ਸਾਂਝ ਜਿਹੀ ਬਣ ਗਈ। ਇੱਕ ਅਜਿਹਾ ਰਿਸ਼ਤਾ ਜਿਸਨੂੰ ਦੱਸਿਆ ਜਾਂ ਸਮਝਾਇਆ ਨਹੀਂ ਜਾ ਸਕਦਾ। ਉਹਨਾਂ ਨਾਲ ਬਿਤਾਇਆ ਉਹ

ਦਿਨ ਮੈਨੂੰ ਸਾਰੀ ਉਮਰ ਯਾਦ ਰਹੇਗਾ। ਮਾਤਾ ਮੁਖਤਿਆਰ ਕੌਰ ਮੈਨੂੰ ਮੇਰੇ ਦਾਦੀ ਵਰਗੇ ਜਾਪੇ। ਉਮਰ ਦੇ ਤਕਾਜੇ ਤੋਂ। ਉਹਨਾਂ ਦੀ ਇਸ ਜੀਵਨੀ ਨੇ ਮੈਨੂੰ ਮੇਰੇ ਮਾਤਾ-ਪਿਤਾ ਪ੍ਰਤੀ ਵਫਾਦਾਰ ਤੇ ਜਿੰਮੇਵਾਰ ਰਹਿਣ ਲਈ ਪ੍ਰੇਰਿਆ। ਇਸ ਲਈ ਮੈਨੂੰ ਲੱਗਿਆ ਕਿ ਉਹਨਾਂ ਬਾਰੇ ਲਿੱਖ ਮੈਂ ਹੋਰਾਂ ਭਟਕੇ ਹੋਏ ਬੱਚਿਆਂ ਨੂੰ ਆਪਣੇ ਮਾਂ-ਪਿਉ ਸੰਬੰਧੀ ਜਿੰਮੇਵਾਰੀਆਂ ਦਾ ਅਹਿਸਾਸ ਕਰਵਾਵਾਂ। ਤਾਂ ਜੋ ਉਹਨਾਂ ਦੇ ਮਾਤਾ-ਪਿਤਾ ਦਾ ਹਾਲ ਮਾਤਾ ਮੁਖਤਿਆਰ ਕੌਰ ਵਾਂਗ ਨਾ ਹੋਵੇ।

ਮਾਤਾ-ਪਿਤਾ ਬੱਚਿਆਂ ਲਈ ਉਹ ਕਰ ਸਕਦੇ ਨੇ ਜੋ ਦੁਨੀਆਂ ਦਾ ਕੋਈ ਵੀ ਰਿਸ਼ਤਾ ਨਹੀਂ ਕਰ ਸਕਦਾ। ਉਹ ਭਾਵੇਂ ਲੱਖਾਂ ਦੁੱਖ ਝੱਲਣ ਪਰ ਆਪਣੇ ਬੱਚਿਆਂ ਨੂੰ ਕਿਸੇ ਘਾਟ ਦਾ ਅਹਿਸਾਸ ਨਹੀਂ ਹੋਣ ਦਿੰਦੇ। ਮਾਤਾ-ਪਿਤਾ ਬਿਨਾਂ ਮੈਂ ਬਹੁਤ ਰੁਲਦੇ ਦੇਖੇ ਨੇ। ਜਿੰਨਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੁੰਦਾ। ਪਰ ਬੱਚਿਆਂ ਦੇ ਹੁੰਦਿਆਂ ਅਗਰ ਮਾਤਾ-ਪਿਤਾ ਭਟਕਣ ਜਾਂ ਬੱਚਿਆਂ ਦੇ ਕਾਰਨ ਦੁੱਖ ਭੁਗਤਣ, ਇਸ ਤੋਂ ਵੱਡੀ ਨਾਮੋਸ਼ੀ ਦੀ ਗੱਲ ਕੋਈ ਨਹੀਂ ਹੋ ਸਕਦੀ। ਧੰਨਵਾਦ।

**ਪ੍ਰੀਤ ਸਿੰਘ ਭੈਣੀ**

**9779324826**

**(ਇਸ ਕਹਾਣੀ ਤੇ ਵਿਚਾਰ ਕਰਨ ਲਈ ਜਾਂ ਹੋਰ ਕਹਾਣੀਆਂ ਪੜ੍ਹਨ ਲਈ ਆਪ ਮੈਨੂੰ ਫੋਨ ਜਾਂ ਵੱਟਸਐੱਪ ਕਰ ਸਕਦੇ ਹੋ।)**

Instagram

**@preet_di_shayari**

**@preet.bhaini**

# Email

## preetdishayari@gmail.com


To read all writings of Preet Singh Bhaini clock below link

**www.punjabilibrary.com/authors/preet-singh-bhaini/**